**WILMA QUAN**

ਸਿਟੀ ਮੈਨੇਜਰ

**ਐਮਰਜੈਂਸੀ ਆਰਡਰ 2020-17**

**ਸਭ ਤੋਂ ਛੋਟੀ ਸੰਭਵ ਸਮਾਂ-ਮਿਆਦ ਵਿੱਚ ਸਾਰੇ ਕਾਰੋਬਾਰਾਂ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰ ਤਰੀਕੇ ਨਾਲ ਚਰਣਬੱਧ ਤੌਰ 'ਤੇ ਖੋਲ੍ਹ ਕੇ ਲੋਕਾਂ ਨੂੰ ਵਾਪਸ ਕੰਮ 'ਤੇ ਲਿਆਉਣ ਲਈ ਜਨਤਕ ਸਿਹਤ ਅਤੇ ਆਰਥਿਕ ਬਹਾਲੀ ਨੂੰ ਉਤਸ਼ਾਹਿਤ ਕਰਨਾ**

ਫਰੈਜ਼ਨੋ ਸ਼ਹਿਰ ਦੇ ਸਿਟੀ ਮੈਨੇਜਰ ਦਾ ਆਦੇਸ਼ ਜੋ ਸ਼ਹਿਰ ਵਿੱਚ ਰਹਿਣ ਵਾਲੇ ਸਾਰੇ ਵਿਅਕਤੀਆਂ ਨੂੰ ਸਟੇਟ ਪਬਲਿਕ ਹੈਲਥ ਅਧਿਕਾਰੀ ਦੇ ਆਰਡਰ ਦੀ ਪਾਲਣਾ ਕਰਨ ਲਈ; ਅਤੇ ਸਮਾਜਕ ਦੂਰੀ ਦੇ ਪ੍ਰੋਟੋਕੋਲਾਂ ਦੀ ਵਰਤੋਂ ਕਰਦਿਆਂ ਸਾਰੇ ਕਾਰੋਬਾਰਾਂ ਨੂੰ ਚਰਣਬੱਧ ਤਰੀਕੇ ਨਾਲ ਸੁਰੱਖਿਅਤ ਅਤੇ ਜ਼ਿੰਮੇਵਾਰੀ ਨਾਲ ਖੋਲ੍ਹਣ ਲਈ ਕਹਿੰਦਾ ਹੈ।

ਐਮਰਜੈਂਸੀ ਸੇਵਾਵਾਂ ਦੇ ਡਾਇਰੈਕਟਰ ਦੇ ਤੌਰ 'ਤੇ ਫਰੈਜ਼ਨੋ ਮਿਉਨਿਸਿਪਲ ਕੋਡ ਸੈਕਸ਼ਨ 2-505 ਦੇ ਤਹਿਤ, ਅਤੇ ਫਰੈਜ਼ਨੋ ਮਿਉਨਿਸਿਪਲ ਕੋਡ ਸੈਕਸ਼ਨ 2-506 ਦੁਆਰਾ ਦਿੱਤੇ ਗਏ ਅਧਿਕਾਰਾਂ ਦੁਆਰਾ, COVID-19 ਦੇ ਕਾਰਨ ਜਨਤਕ ਸਿਹਤ ਨੂੰ ਹੋਣ ਵਾਲੇ ਖ਼ਤਰੇ 'ਤੇ ਪ੍ਰਤਿਕਿਰਿਆ ਦੇ ਤੌਰ 'ਤੇ, ਮੈਂ ਹੇਠਾਂ ਦਿੱਤੇ ਆਦੇਸ਼ ਜਾਰੀ ਕਰ ਰਹੀ ਹਾਂ:

1. ਇਹ ਆਦੇਸ਼ ਮੰਗਲਵਾਰ 26 ਮਈ, 2020 ਨੂੰ ਸਵੇਰੇ 12:01 ਤੋਂ ਲਾਗੂ ਹੁੰਦਾ ਹੈ ਅਤੇ ਐਮਰਜੈਂਸੀ ਆਰਡਰ 2020-16 ਸ਼ੈਲਟਰ ਇਨ ਪਲੇਸ ਦੀ ਥਾਂ ਲੈਂਦਾ ਹੈ। ਇਹ ਆਰਡਰ ਉਦੋਂ ਤੱਕ ਲਾਗੂ ਰਹੇਗਾ ਜਦੋਂ ਤੱਕ ਇਸਨੂੰ ਰੱਦ ਨਹੀਂ ਕੀਤਾ ਜਾਂਦਾ, ਸੋਧਿਆ ਨਹੀਂ ਜਾਂਦਾ ਹੈ ਜਾਂ ਮੁਅੱਤਲ ਕੀਤਾ ਜਾਂਦਾ ਜਾਂ ਹੇਠਾਂ ਦਿੱਤਿਆਂ ਵਿੱਚੋਂ ਕੁਝ ਨਹੀਂ ਵਾਪਰਦਾ: 1) ਗਵਰਨਰ ਅਤੇ/ਜਾਂ ਰਾਜ ਦੇ ਸਿਹਤ ਅਧਿਕਾਰੀ, ਰਾਜ ਦੇ ਘਰ ਵਿੱਚ ਰਹਿਣ ਦੇ ਆਦੇਸ਼ ਨੂੰ ਖ਼ਤਮ ਕਰਦੇ ਹਨ; ਜਾਂ 2) ਫਰੈਜ਼ਨੋ ਸਿਟੀ ਦੇ ਸਾਰੇ ਕਾਰੋਬਾਰਾਂ ਕੋਲ ਸੁਰੱਖਿਅਤ ਅਤੇ ਜ਼ਿੰਮੇਵਾਰੀ ਨਾਲ ਦੁਬਾਰਾ ਖੋਲ੍ਹਣ ਦੀ ਸਮਰੱਥਾ ਹੈ।

2. ਇਸ ਆਰਡਰ ਦਾ ਉਦੇਸ਼ ਸਾਡੀ ਭਾਈਚਾਰੇ ਵਿੱਚ ਹਰੇਕ ਦੀ ਸਿਹਤ ਦੀ ਰੱਖਿਆ ਕਰਨਾ ਹੈ, ਜਿਸ ਵਿੱਚ ਸ਼ਾਮਲ ਹੈ, ਸਾਡੀ ਸਿਹਤ ਦੇਖਭਾਲ ਪ੍ਰਣਾਲੀ ਦੀ ਜ਼ਰੂਰੀ ਸੇਵਾਵਾਂ ਦੀ ਲੋੜ ਵਾਲੇ ਲੋਕਾਂ ਨੂੰ ਇਹ ਮੁਹੱਈਆ ਕਰਾਉਣ ਦੀ ਸਮਰੱਥਾ, ਅਤੇ ਨਾਲ ਹੀ ਕਿ ਸਿਟੀ ਵਿੱਚ ਸਾਰੇ ਕਾਰੋਬਾਰਾਂ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰ ਤਰੀਕੇ ਨਾਲ ਖੋਲ੍ਹਣ ਵਿੱਚ ਸਹਾਇਤਾ ਕਰਨੀ। ਇਸ ਆਰਡਰ ਦੁਆਰਾ ਵਿਚਾਰੇ ਸਾਰੇ ਫੈਸਲਿਆਂ ਨੂੰ ਜਨਤਕ ਸਿਹਤ ਦੇ ਅੰਕੜਿਆਂ ਅਤੇ ਭਾਈਚਾਰੇ ਦੀ ਸਿਹਤ ਦੀ ਰਾਖੀ ਕਰਨ ਦੁਆਰਾ ਨਿਰਦੇਸ਼ਿਤ ਕੀਤਾ ਜਾਵੇਗਾ।

3. ਰੈਸਟੋਰੈਂਟ ਡਾਈਨਿੰਗ ਰੂਮ 21 ਮਈ ਨੂੰ ਦੁਬਾਰਾ ਖੁੱਲ੍ਹ ਸਕਦੇ ਹਨ ਜਦੋਂ ਉਹ ਫਰੈਜ਼ਨੋ ਕਾਉਂਟੀ ਡਿਪਾਰਟਮੈਂਟ ਆਫ਼ ਪਬਲਿਕ ਹੈਲਥ (FCDPH) ਨੂੰ ਸੂਚਿਤ ਕਰਦੇ ਹਨ ਅਤੇ FCDPH ਅਤੇ ਕੈਲੀਫੋਰਨੀਆ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਿਟੀ ਆਫ ਫਰੈਜ਼ਨੋ ਦੀ ਲਾਗੂ ਹੋਣ ਵਾਲੀ ਅੰਤਕਾ A: ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ) ਦੀ ਪਾਲਣਾ ਕਰਦੇ ਹਨ। ਸਟੇਟ ਲਾਇਸੈਂਸਾਂ ਵਾਲੇ ਹੋਰ ਕਾਰੋਬਾਰ, ਜਿਵੇਂ ਕਿ ਬਿਊਟੀ ਪਾਰਲਰ ਅਤੇ ਵਾਲਾਂ ਅਤੇ ਨਹੁੰਆਂ ਦੇ ਸੈਲੂਨ ਵੀ ਫਰੈਜ਼ਨੋ ਕਾਉਂਟੀ ਡਿਪਾਰਟਮੈਂਟ ਆਫ਼ ਪਬਲਿਕ ਹੈਲਥ ਅਤੇ ਕੈਲੀਫੋਰਨੀਆ ਸਟੇਟ ਦੁਆਰਾ ਪ੍ਰਵਾਨਗੀ ਪ੍ਰਾਪਤ ਕਰਨ ਤੋਂ ਬਾਅਦ ਦੁਬਾਰਾ ਖੁੱਲ੍ਹ ਸਕਦੇ ਹਨ ਅਤੇ ਉਹਨਾਂ ਏਜੰਸੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਟੀ ਆਫ ਫਰੈਜ਼ਨੋ ਦੀ ਲਾਗੂ ਹੋਣ ਵਾਲੀ ਅੰਤਕਾ A: ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ) ਦੀ ਲਾਜ਼ਮੀ ਪਾਲਣਾ ਕਰਦੇ ਹਨ।

4. ਕਾਰੋਬਾਰਾਂ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰ ਤਰੀਕੇ ਨਾਲ ਚਰਣਬੱਧ ਤੌਰ 'ਤੇ ਮੁੜ-ਖੋਲ੍ਹਣ ਵਿੱਚ ਪੂਰੀ ਤਰ੍ਹਾਂ ਸਮਰਥਨ ਕਰਨ ਲਈ, ਸਿਟੀ ਕਾਉਂਸਿਲ ਨੂੰ ਫਰੈਜ਼ਨੋ ਕਾਉਂਟੀ ਨਾਲ ਤਾਲਮੇਲ ਵਿੱਚ COVID-19 ਟੈਸਟਿੰਗ ਲਈ $5 ਮਿਲੀਅਨ ਅਤੇ ਕਾਨਟੈਕਟ ਟ੍ਰੇਸਿੰਗ ਲਈ $5 ਮਿਲੀਅਨ ਤੱਕ ਦੀ ਰਕਮ ਅਲਾਟ ਕਰਨ ਲਈ ਕਿਹਾ ਜਾਵੇਗਾ। ਇਹ ਨਿਰਧਾਰਨ ਫੈਡਰਲ ਸਰਕਾਰ ਦੇ CARES ਐਕਟ ਰਾਹੀਂ ਪ੍ਰਾਪਤ ਕੀਤੇ ਗਏ ਸਿਟੀ ਦੇ ਕੋਰੋਨਾਵਾਇਰਸ ਰਾਹਤ ਫੰਡ ਤੋਂ ਕੀਤੇ ਜਾਣਗੇ।

5. ਇਹ ਆਦੇਸ਼ ਸ਼ਹਿਰ ਦੇ ਸਾਰੇ ਕਾਰੋਬਾਰਾਂ ਨੂੰ ਜਾਂ ਤਾਂ "ਅਧਿਕਾਰਤ" ਜਾਂ "ਗੈਰ-ਅਧਿਕਾਰਤ" ਵਜੋਂ ਦੁਬਾਰਾ ਵਰਗੀਕ੍ਰਿਤ ਕਰੇਗਾ। ਮੰਗਲਵਾਰ, 26 ਮਈ 2020 ਨੂੰ ਦੁਪਹਿਰ 12:01 ਵਜੇ ਇਸ ਆਰਡਰ ਨਾਲ ਪ੍ਰਭਾਵੀ, ਫਰੈਜ਼ਨੋ ਸਿਟੀ ਦੇ ਸਾਰੇ ਕਾਰੋਬਾਰਾਂ ਨੂੰ ਅਧਿਕਾਰਤ ਮੰਨਿਆ ਜਾਵੇਗਾ ਅਤੇ ਫਰੈਜ਼ਨੋ ਸਿਟੀ ਦੀ ਅੰਤਕਾ A: ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ) ਦੀ ਪਾਲਣਾ ਕਰਦੇ ਹੋਏ ਜਨਤਾ ਲਈ ਖੋਲ੍ਹਿਆ ਜਾ ਸਕਦਾ ਹੈ, ਉਹਨਾਂ ਕਾਰੋਬਾਰਾਂ ਨੂੰ ਛੱਡ ਕੇ ਜਿਨ੍ਹਾਂ ਨੂੰ ਕੈਲੀਫੋਰਨੀਆ ਰਾਜ ਕਹਿੰਦਾ ਹੈ ਕਿ ਬੰਦ ਕੀਤਾ ਜਾਣਾ ਚਾਹੀਦਾ ਹੈ। ਵਰਤਮਾਨ ਵਿੱਚ, ਕੈਲੀਫੋਰਨੀਆ ਰਾਜ ਦਾ ਕਹਿਣਾ ਹੈ ਕਿ ਅੱਗੇ ਦਿੱਤੇ ਕਾਰੋਬਾਰਾਂ ਨੂੰ ਚਲਾਉਣ ਦੀ ਇਜਾਜ਼ਤ ਨਹੀਂ ਹੈ, ਜਿਨ੍ਹਾਂ ਵਿੱਚ ਇਹ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ: ਨਿੱਜੀ ਸੇਵਾਵਾਂ ਜਿਵੇਂ ਕਿ ਵਾਲ ਅਤੇ ਨਹੁੰਆਂ ਦੇ ਸੈਲੂਨ, ਟੈਟੂ ਪਾਰਲਰ, ਜਿੰਮ ਅਤੇ ਫਿਟਨੈਸ ਸਟੂਡੀਓ; ਪਰਾਹੁਣਾਚਾਰੀ ਸੇਵਾਵਾਂ ਜਿਵੇਂ ਕਿ ਬਾਰਾਂ, ਨਾਈਟ ਕਲੱਬ, ਵਾਈਨਰੀਆਂ, ਟੇਸਟਿੰਗ ਰੂਮ ਅਤੇ ਲਾਉਂਜ; ਮਨੋਰੰਜਨ ਦੇ ਸਥਾਨ, ਜਿਵੇਂ ਕਿ ਮੂਵੀ ਥੀਏਟਰ, ਗੇਮਿੰਗ, ਜੂਆ, ਅਤੇ ਆਰਕੇਡ ਸਥਾਨ, ਅਤੇ ਪ੍ਰੋ ਸਪੋਰਟਸ, ਇਨਡੋਰ ਮਿਊਜ਼ੀਅਮ ਅਤੇ ਗੈਲਰੀ ਥਾਵਾਂ, ਚਿੜੀਆਘਰ ਅਤੇ ਲਾਇਬ੍ਰੇਰੀਆਂ; ਜਨਤਕ ਸਮਾਗਮ ਅਤੇ ਇਕੱਠ; ਕਮਿਉਨਿਟੀ ਸੈਂਟਰ, ਪਬਲਿਕ ਪੂਲ, ਖੇਡ ਦੇ ਮੈਦਾਨ ਅਤੇ ਪਿਕਨਿਕ ਖੇਤਰ; ਸੰਮੇਲਨ ਕੇਂਦਰ; ਸਮਾਰੋਹ ਦੇ ਸਥਾਨ; ਲਾਈਵ ਦਰਸ਼ਕਾਂ ਵਾਲੀਆਂ ਖੇਡਾਂ; ਤਿਉਹਾਰ; ਥੀਮ ਪਾਰਕ; ਅਤੇ ਹੋਟਲ ਅਤੇ ਮਨੋਰੰਜਨ ਅਤੇ ਸੈਰ ਸਪਾਟੇ ਲਈ ਲੌਜਿੰਗ।

5.1. ਜਿਨ੍ਹਾਂ ਕਾਰੋਬਾਰਾਂ ਨੂੰ ਇਸ ਸਮੇਂ ਕੈਲੀਫੋਰਨੀਆ ਸਟੇਟ ਦੁਆਰਾ ਚਲਾਏ ਜਾਣ ਦੀ ਆਗਿਆ ਨਹੀਂ ਹੈ, ਉਹਨਾਂ ਨੂੰ ਹੇਠਾਂ ਵਰਣਨ ਕੀਤੀ ਗਈ ਪ੍ਰਕਿਰਿਆ ਦੁਆਰਾ ਚਰਣਬੱਧ ਤੌਰ 'ਤੇ ਅਧਿਕਾਰਤ ਕਾਰੋਬਾਰਾਂ ਬਣਾਇਆ ਜਾ ਸਕਦਾ ਹੈ।

5.2. ਅਧਿਕਾਰਤ ਕਾਰੋਬਾਰਾਂ ਦਾ ਪਹਿਲਾ ਪੜਾਅ ਉਹ ਕਾਰੋਬਾਰ ਸਨ ਜਿਨ੍ਹਾਂ ਨੂੰ ਘੱਟ ਜੋਖਮ ਵਾਲੇ ਕਾਰੋਬਾਰ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ 11 ਮਈ, 2020 ਨੂੰ ਕਰਮਚਾਰੀਆਂ ਅਤੇ ਗਾਹਕਾਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਲਈ ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ) ਨਾਲ ਖੋਲ੍ਹਣ ਦੀ ਆਗਿਆ ਦਿੱਤੀ ਗਈ ਸੀ। ਅਧਿਕਾਰਤ ਕਾਰੋਬਾਰਾਂ ਦੇ ਦੂਜਾ ਪੜਾਅ, ਜਿਨ੍ਹਾਂ ਨੂੰ ਮੰਗਲਵਾਰ, 26 ਮਈ 2020 ਨੂੰ ਖੋਲ੍ਹਣ ਦੀ ਇਜ਼ਾਜ਼ਤ ਦਿੱਤੀ ਜਾਏਗੀ, ਵਿੱਚ ਉਪਰੋਕਤ # 5 ਵਿੱਚ ਦੱਸੇ ਗਏ ਸਾਰੇ ਕਾਰੋਬਾਰ ਸ਼ਾਮਲ ਹਨ। ਜਨਤਕ ਸਿਹਤ ਦੇ ਸੂਚਕਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਮਾਪਣ ਲਈ ਹਰੇਕ ਅਗਲੇ ਪੜਾਅ ਦਾ ਮੁਲਾਂਕਣ ਕੀਤਾ ਜਾਵੇਗਾ। ਜੇ ਜਨਤਕ ਸਿਹਤ ਦੇ ਸੂਚਕ ਜਨਤਕ ਸਿਹਤ 'ਤੇ ਕਾਫ਼ੀ ਮਾੜੇ ਪ੍ਰਭਾਵ ਦਿਖਾਉਂਦੇ ਹਨ ਤਾਂ ਪੜਾਅ ਵਾਪਸ ਲਏ ਜਾ ਸਕਦੇ ਹਨ।

5.3. ਮੇਅਰ ਅਤੇ ਤਿੰਨ ਸਿਟੀ ਕਾਊਂਸਿਲ ਮੈਂਬਰ ਫਰੈਜ਼ਨੋ ਰਿਕਵਰੀ ਕਮੇਟੀ ਨਾਲ ਇਸ ਬਾਰੇ ਸਲਾਹ-ਮਸ਼ਵਰਾ ਕਰਨਗੇ ਕਿ ਮੁੜ ਖੋਲ੍ਹਣ ਦੇ ਹਰੇਕ ਖਾਸ ਪੜਾਅ ਵਿੱਚ ਕਾਰੋਬਾਰਾਂ ਦੀਆਂ ਕਿਹੜੀਆਂ ਸ਼੍ਰੇਣੀਆਂ ਨੂੰ ਸ਼ਾਮਲ ਕਰਨਾ ਹੈ ਅਤੇ ਸਿਹਤ ਅਤੇ ਸੁਰੱਖਿਆ ਦੀਆਂ ਕੋਈ ਵੀ ਵਧੀਕ ਜ਼ਰੂਰਤਾਂ ਕੀ ਹੋਣਗੀਆਂ।

5.4. ਐਮਰਜੈਂਸੀ ਸੇਵਾਵਾਂ ਦੇ ਡਾਇਰੈਕਟਰ ਵਜੋਂ ਕੰਮ ਕਰਦੇ ਹੋਏ, ਸਿਟੀ ਮੈਨੇਜਰ, ਮੇਅਰ ਅਤੇ ਸਿਟੀ ਕਾਊਂਸਿਲ, ਐਮਰਜੈਂਸੀ ਆਪਰੇਸ਼ਨਜ਼ ਮੈਨੇਜਮੈਂਟ ਟੀਮ, ਪਬਲਿਕ ਹੈਲਥ ਅਧਿਕਾਰੀਆਂ ਅਤੇ ਹੋਰਾਂ ਨਾਲ ਸਲਾਹ-ਮਸ਼ਵਰਾ ਕਰਨਗੇ ਅਤੇ ਫਿਰ ਨਿਰਧਾਰਨ ਕਰਨਗੇ ਕਿ ਹਰੇਕ ਖਾਸ ਪੜਾਅ ਲਈ ਕਿਸ ਕਿਸਮ ਦੇ ਕਾਰੋਬਾਰਾਂ ਨੂੰ ਅਧਿਕਾਰਤ ਕਾਰੋਬਾਰ ਮੰਨਿਆ ਜਾ ਸਕਦਾ ਹੈ।

5.5. ਸਿਟੀ ਮੈਨੇਜਰ ਫਿਰ ਤਾਰੀਖ(ਤਾਰੀਖਾਂ) ਅਤੇ ਸਮੇਂ(ਸਮਿਆਂ) ਦੀ ਘੋਸ਼ਣਾ ਕਰਨਗੇ ਕਿ ਕਦੋਂ ਅਤੇ ਕਿਸ ਕਿਸਮ ਦੇ ਅਧਿਕਾਰਤ ਕਾਰੋਬਾਰ ਖੁੱਲ੍ਹ ਸਕਦੇ ਹਨ।

6. ਸਾਰੀਆਂ ਸਰਕਾਰੀ ਸਹੂਲਤਾਂ ਅਤੇ ਸਾਰੇ ਕਾਰੋਬਾਰ (ਹਸਪਤਾਲਾਂ ਨੂੰ ਛੱਡ ਕੇ) ਉਹਨਾਂ ਸਾਰੇ ਪ੍ਰਵੇਸ਼ ਦੁਆਰਾਂ 'ਤੇ, ਜਿਨ੍ਹਾਂ ਦੁਆਰਾ ਜਨਤਾ, ਕਰਮਚਾਰੀ ਅਤੇ ਵਿਕ੍ਰੇਤਾ ਅੰਦਰ ਆਉਂਦੇ ਹਨ, ਫਰੈਜ਼ਨੋ ਸਿਟੀ ਦੀ ਅੰਤਕਾ A: ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ) ਤਿਆਰ ਕਰਕੇ ਪੋਸਟ ਕਰਨਗੇ।

7. ਇਸ ਆਰਡਰ ਦੇ ਉਦੇਸ਼ਾਂ ਲਈ, ਇੱਕ "ਕਾਰੋਬਾਰ" ਵਿੱਚ ਮੁਨਾਫ਼ੇ-ਲਈ, ਗੈਰ-ਮੁਨਾਫ਼ੇ ਵਾਲੇ, ਜਾਂ ਸਿੱਖਿਅਕ ਸੰਸਥਾ ਵਾਲੇ ਕਾਰੋਬਾਰ ਸ਼ਾਮਲ ਹਨ, ਭਾਵੇਂ ਉਨ੍ਹਾਂ ਦੇ ਕੰਮ ਦੀ ਪ੍ਰਕਿਰਤੀ ਕੋਈ ਵੀ ਕਿਉਂ ਨਾ ਹੋਵੇ, ਭਾਵੇਂ ਉਹ ਕੋਈ ਵੀ ਕੰਮ ਕਿਉਂ ਨਾ ਕਰਦੇ ਹੋਣ।

8. ਸਪੱਸ਼ਟ, ਨਿਰੰਤਰ ਅਤੇ/ਜਾਂ ਜਨਤਕ ਸਿਹਤ ਅਤੇ ਸੁਰੱਖਿਆ ਲਈ ਤੁਰੰਤ ਖ਼ਤਰੇ ਤੋਂ ਇਲਾਵਾ, ਇਸ ਆਰਡਰ ਦੀ ਉਲੰਘਣਾ ਕਰਨ 'ਤੇ ਕਿਸੇ ਵੀ ਵਿਅਕਤੀ 'ਤੇ ਫ਼ੌਜਦਾਰੀ ਮੁਕੱਦਮਾ ਨਹੀਂ ਚਲਾਇਆ ਜਾਏਗਾ। ਕਾਰੋਬਾਰਾਂ ਦੁਆਰਾ ਉਲੰਘਣਾ ਲਈ ਫਰੈਜ਼ਨੋ ਮਿਉਨਿਸਿਪਲ ਕੋਡ ਦੇ ਅਨੁਸਾਰ ਪ੍ਰਬੰਧਕੀ ਹਵਾਲੇ ਜਾਰੀ ਕੀਤੇ ਜਾ ਸਕਦੇ ਹਨ। ਕਿਸੇ ਕਾਰੋਬਾਰ ਦੀ ਥਾਂ 'ਤੇ ਲੋੜੀਂਦੇ ਬੰਦ, ਸੀਮਾਵਾਂ, ਜਾਂ ਸਮਾਜਕ ਦੂਰੀਆਂ ਦੀਆਂ ਜ਼ਰੂਰਤਾਂ ਦੀ ਵਾਰ-ਵਾਰ ਜਾਂ ਪ੍ਰਤੱਖ ਉਲੰਘਣਾ ਕਰਨ 'ਤੇ, ਕੋਈ ਪੁਲਿਸ ਅਧਿਕਾਰੀ, ਪੁਲਿਸ ਮੁਖੀ, ਜਾਂ ਨਾਮਿਤ ਵਿਅਕਤੀ ਦੀ ਮਨਜ਼ੂਰੀ ਨਾਲ, ਜਾਂ ਕੋਡ ਲਾਗੂ ਕਰਨ ਵਾਲੇ ਅਧਿਕਾਰੀ ਦੀ ਮਨਜ਼ੂਰੀ ਨਾਲ, ਸਿਟੀ ਅਟਾਰਨੀ, ਜਾਂ ਨਾਮਿਤ ਵਿਅਕਤੀ ਦੀ ਮਨਜ਼ੂਰੀ ਨਾਲ, ਸੰਖੇਪ ਰੂਪ ਵਿੱਚ ਕਿਸੇ ਕਾਰੋਬਾਰ ਨੂੰ ਸੰਚਾਲਨ ਨੂੰ ਬੰਦ ਕਰਨ ਅਤੇ ਅਗਲੇ ਨੋਟਿਸ ਤੱਕ ਬੰਦ ਰੱਖਣ ਜਾਂ ਐਮਰਜੈਂਸੀ ਦੀ ਮਿਆਦ ਦੇ ਦੌਰਾਨ ਬੰਦ ਕਰ ਸਕਦੇ ਹਨ।

9. 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਨੂੰ COVID-19 ਤੋਂ ਗੰਭੀਰ ਜਟਿਲਤਾਵਾਂ ਪ੍ਰਤੀ ਕਮਜ਼ੋਰ ਸਮਝਿਆ ਜਾਂਦਾ ਹੈ ਅਤੇ ਉਹਨਾਂ ਨੂੰ ਘਰ ਰਹਿਣਾ ਜਾਰੀ ਰੱਖਣ ਲਈ ਅਤੇ ਸਿਰਫ ਜ਼ਰੂਰੀ ਕੰਮਾਂ ਲਈ ਬਾਹਰ ਆਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

10. ਜਿੱਥੇ ਪਿਛਲੇ ਐਮਰਜੈਂਸੀ ਆਰਡਰ (2020-16) ਵਿੱਚ ਲੋਕਾਂ ਨੂੰ ਜਨਤਕ ਥਾਂਵਾਂ 'ਤੇ ਚਿਹਰੇ ਦੀ ਕਵਰਿੰਗ ਪਹਿਨਣ ਦੀ ਲੋੜ ਦੱਸੀ ਗਈ ਸੀ, ਇਹ ਆਦੇਸ਼ ਲੋਕਾਂ ਨੂੰ ਜਨਤਕ ਥਾਵਾਂ 'ਤੇ ਚਿਹਰੇ ਦੀ ਕਵਰਿੰਗ ਪਹਿਨਣ ਲਈ ਜ਼ੋਰਦਾਰ ਢੰਗ ਨਾਲ ਉਤਸ਼ਾਹਿਤ ਕਰਦਾ ਹੈ; ਅਤੇ ਜਨਤਕ ਸਿਹਤ ਦੀ ਰੱਖਿਆ ਕਰਨ ਅਤੇ ਵਪਾਰ ਨੂੰ ਸੁਰੱਖਿਅਤ ਜ਼ਿੰਮੇਵਾਰੀ ਵਾਲੇ ਤਰੀਕੇ ਨਾਲ ਮੁੜ ਸ਼ੁਰੂ ਕਰਨ ਲਈ, ਸਾਰੇ ਕਾਰੋਬਾਰਾਂ ਅਤੇ ਸਰਕਾਰੀ ਸਹੂਲਤਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਕਰਮਚਾਰੀਆਂ, ਗਾਹਕਾਂ, ਵਿਕ੍ਰੇਤਾਵਾਂ ਅਤੇ ਹੋਰਾਂ ਲਈ ਉਹਨਾਂ ਦੀਆਂ ਇਮਾਰਤਾਂ ਵਿੱਚ ਦਾਖਲ ਹੋਣ ਲਈ ਚਿਹਰੇ ਦੀਆਂ ਕਵਰਿੰਗ ਪਹਿਨਣ ਦੀ ਲੋੜ ਰੱਖਣ। ਜੇ ਜਨਤਕ ਸਿਹਤ ਦੇ ਸੂਚਕ ਜਨਤਕ ਸਿਹਤ 'ਤੇ ਕਾਫ਼ੀ ਜ਼ਿਆਦਾ ਵਧੀਆ ਜਾਂ ਮਾੜੇ ਪ੍ਰਭਾਵ ਨੂੰ ਦਰਸਾਉਂਦੇ ਹਨ ਤਾਂ ਬਾਅਦ ਦੀ ਜ਼ਰੂਰਤ ਨੂੰ ਸਿਟੀ ਮੈਨੇਜਰ ਦੁਆਰਾ ਸੋਧਿਆ ਜਾ ਸਕਦਾ ਹੈ। ਰੈਸਟੋਰੈਂਟ ਵਿੱਚ ਆਉਣ ਵਾਲੇ ਲੋਕ ਆਪਣੇ ਮੇਜ਼ 'ਤੇ ਬੈਠਣ 'ਤੇ ਆਪਣੇ ਚਿਹਰੇ ਦੀਆਂ ਕੱਪੜੇ ਦੀਆਂ ਕਵਰਿੰਗਾਂ ਨੂੰ ਹਟਾ ਸਕਦੇ ਹਨ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਦੇ ਇਸ ਬਾਰੇ ਸਭ ਤੋਂ ਨਵੇਂ ਮਾਰਗ-ਦਰਸ਼ਨ ਦੇ ਅਨੁਸਾਰ ਕਿ ਕਿਸ ਨੂੰ ਚਿਹਰੇ ਦੀਆਂ ਕੱਪੜੇ ਦੀਆਂ ਕਵਰਿੰਗ ਨਹੀਂ ਪਹਿਨਣੀਆਂ ਚਾਹੀਦੀਆਂ ਹਨ, 2 ਸਾਲ ਤੋਂ ਘੱਟ ਉਮਰ ਦੇ ਛੋਟੇ ਬੱਚਿਆਂ, ਸਾਹ ਲੈਣ ਵਿੱਚ ਮੁਸ਼ਕਲ ਵਾਲੇ ਕਿਸੇ ਵੀ ਵਿਅਕਤੀ, ਜਾਂ ਬੇਹੋਸ਼, ਅਸਮਰਥ ਹੈ ਜਾਂ ਉਂਝ ਸਹਾਇਤਾ ਦੇ ਬਿਨਾਂ ਕਵਰਿੰਗ ਹਟਾਉਣ ਵਿੱਚ ਅਸਮਰਥ ਵਿਅਕਤੀਆਂ 'ਤੇ ਕੱਪੜੇ ਦੀਆਂ ਚਿਹਰੇ ਦੀਆਂ ਕਵਰਿੰਗ ਨਹੀਂ ਲਗਾਈਆਂ ਜਾਣੀਆਂ ਚਾਹੀਦੀਆਂ।

11. ਇਸ ਆਰਡਰ ਦੇ ਉਦੇਸ਼ਾਂ ਲਈ, ਸਮਾਜਿਕ ਦੂਰੀਆਂ ਵਿੱਚ ਸ਼ਾਮਲ ਹਨ, ਉਹਨਾਂ ਦੂਜੇ ਵਿਅਕਤੀਆਂ ਤੋਂ ਘੱਟੋ-ਘੱਟ ਛੇ-ਫੁੱਟ ਦੀ ਦੂਰੀ ਨੂੰ ਬਣਾ ਕੇ ਰੱਖਣੀ ਜੋ ਉਸੇ ਗਰ ਵਿੱਚ ਨਹੀਂ ਰਹਿੰਦੇ ਹਨ, ਜਿੰਨੀ ਵਾਰ ਸੰਭਵ ਹੋ ਸਕੇ ਘੱਟੋ-ਘੱਟ ਵੀਹ ਸਕਿੰਟ ਲਈ ਸਾਬਣ ਅਤੇ ਪਾਣੀ ਨਾਲ ਹੱਥ ਧੋਣਾ ਜਾਂ ਹੈਂਡ-ਸੈਨਿਟਾਈਜ਼ਰ ਦੀ ਵਰਤੋਂ ਕਰਨਾ, ਖੰਘਦੇ ਹੋਏ ਜਾਂ ਛਿੱਕ ਮਾਰਨ ਵੇਲੇ ਮੂੰਹ ਢੱਕਣਾ, ਜ਼ਿਆਦਾ ਛੂਹੀਆਂ ਜਾਣ ਵਾਲੀਆਂ ਸਤਹਾਂ ਨੂੰ ਵਾਰ-ਵਾਰ ਸਾਫ਼ ਕਰਨਾ, ਕਿਸੇ ਨਾਲ ਸਿੱਧਾ ਸਰੀਰਕ ਸੰਪਰਕ ਨਾ ਕਰਨਾ ਜੋ ਉਨ੍ਹਾਂ ਦੇ ਘਰ ਜਾਂ ਰਹਿਣ ਵਾਲੀ ਇਕਾਈ ਦਾ ਮੈਂਬਰ ਨਹੀਂ ਹੈ, ਅਤੇ ਕਿਸੇ ਵੀ ਸਰਕਾਰੀ ਸਹੂਲਤ ਜਾਂ ਕਾਰੋਬਾਰ ਵਿੱਚ ਚਿਹਰੇ ਨੂੰ ਸੁਰੱਖਿਆਤਮਕ ਤਰੀਕੇ ਨਾਲ ਢੱਕ ਕੇ ਰੱਖਣਾ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ।

12. ਇਹ ਆਦੇਸ਼ 19 ਮਾਰਚ 2020 ਨੂੰ ਗਵਰਨਰ ਗੈਵਿਨ ਨਿਊਸਮ ਦੁਆਰਾ ਜਾਰੀ ਕੀਤੇ ਗਏ ਐਕਜ਼ੀਕਿਊਟਿਵ ਆਦੇਸ਼ N-33-20, 7 ਮਈ 2020 ਦੇ ਸਟੇਟ ਪਬਲਿਕ ਹੈਲਥ ਆਫਿਸਰ ਦੇ ਆਦੇਸ਼, 4 ਮਾਰਚ, 2020 ਨੂੰ ਗਵਰਨਰ ਗੈਵਿਨ ਨਿਊਸਮ ਦੁਆਰਾ ਜਾਰੀ ਐਮਰਜੈਂਸੀ ਦੀ ਸਥਿਤੀ ਦੇ ਐਲਾਨ, ਅਤੇ 17 ਮਾਰਚ, 2020 ਨੂੰ ਫਰੈਜ਼ਨੋ ਕਾਉਂਟੀ ਬੋਰਡ ਆਫ਼ ਸੁਪਰਵਾਈਜ਼ਰਸ ਦੁਆਰਾ ਅਪਣਾਏ ਗਏ ਸਥਾਨਕ ਐਮਰਜੈਂਸੀ ਸਮਾਧਾਨ, ਅਤੇ 16 ਮਾਰਚ, 2020 ਦੇ ਮੇਅਰ ਲੀ ਬ੍ਰੈਂਡ ਦੁਆਰਾ ਸਥਾਨਕ ਐਮਰਜੈਂਸੀ ਦਾ ਐਲਾਨ ਕਰਦੀ ਘੋਸ਼ਣਾ ਦੇ ਅਨੁਸਾਰ ਜਾਰੀ ਕੀਤਾ ਗਿਆ ਹੈ, ਅਤੇ ਉਹਨਾਂ ਨੂੰ ਸੰਦਰਭ ਦੁਆਰਾ ਸ਼ਾਮਲ ਕਰਦਾ ਹੈ। ਇਸ ਤੋਂ ਇਲਾਵਾ, ਇਸ ਆਰਡਰ ਵਿੱਚ ਅਮਰੀਕਾ, ਕੈਲੀਫੋਰਨੀਆ ਸਟੇਟ ਅਤੇ ਫਰੈਜ਼ਨੋ ਕਾਉਂਟੀ ਤੋਂ ਮਾਰਗ-ਦਰਸ਼ਨ ਅਤੇ ਨਿਰਦੇਸ਼ ਸ਼ਾਮਲ ਕੀਤੇ ਗਏ ਹਨ।

13. ਇਸ ਆਰਡਰ ਨੂੰ ਕਿਸੇ ਵੀ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ, ਜਾਇਦਾਦ ਦੇ ਅਧਿਕਾਰ ਜਾਂ ਸਿਟੀ 'ਤੇ ਕੋਈ ਜ਼ਿੰਮੇਵਾਰੀ ਲਾਗੂ ਕਰਨ ਵਾਲਾ ਨਹੀਂ ਮੰਨਿਆ ਜਾਵੇਗਾ। ਕੋਈ ਵੀ ਕਾਰੋਬਾਰ ਜਾਂ ਵਿਅਕਤੀਗਤ ਜੋ ਅਧਿਕਾਰ ਦੇ ਬਿਨਾਂ ਖੁੱਲ੍ਹਦਾ ਹੈ ਜਾਂ ਸਾਰੀਆਂ ਲੋੜੀਂਦੀਆਂ ਰਾਜ ਦੀਆਂ ਅਤੇ ਸਥਾਨਕ COVID-19 ਸੁਰੱਖਿਆ ਜ਼ਰੂਰਤਾਂ ਦਾ ਪਾਲਣ ਕਰਨ ਵਿੱਚ ਅਸਫਲ ਰਹਿੰਦਾ ਹੈ, ਨਤੀਜੇ ਵਜੋਂ ਹੋਣ ਵਾਲੇ ਕਿਸੇ ਵੀ ਦਾਅਵੇ ਜਾਂ ਸੱਟ ਲਈ ਸਾਰੀ ਜ਼ਿੰਮੇਵਾਰੀ ਲੈਂਦਾ ਹੈ। ਅਜਿਹੇ ਕਿਸੇ ਵੀ ਦਾਅਵੇ ਜਾਂ ਸੱਟ ਲਈ ਸਿਟੀ ਜ਼ਿੰਮੇਵਾਰ ਨਹੀਂ ਹੋਵੇਗੀ।

14. ਜੇ ਇਸ ਆਰਡਰ ਦੀ ਕੋਈ ਵੀ ਧਾਰਾ ਜਾਂ ਕਿਸੇ ਵੀ ਵਿਅਕਤੀ ਜਾਂ ਹਾਲਾਤ 'ਤੇ ਇਸ ਨੂੰ ਲਾਗੂ ਕਰਨਾ ਅਯੋਗ ਠਹਿਰਾਇਆ ਜਾਂਦਾ ਹੈ, ਤਾਂ ਇਸ ਆਰਡਰ ਦਾ ਬਾਕੀ ਹਿੱਸਾ, ਜਿਸ ਵਿੱਚ ਅਜਿਹੇ ਹਿੱਸੇ ਜਾਂ ਧਾਰਾ ਨੂੰ ਹੋਰ ਵਿਅਕਤੀਆਂ ਜਾਂ ਹਾਲਾਤ 'ਤੇ ਲਾਗੂ ਕਰਨਾ ਸ਼ਾਮਲ ਹੈ, ਪ੍ਰਭਾਵਿਤ ਨਹੀਂ ਹੋਵੇਗਾ ਅਤੇ ਪੂਰੀ ਤਾਕਤ ਨਾਲ ਪ੍ਰਭਾਵੀ ਰਹੇਗਾ। ਇਸ ਕਰਕੇ, ਇਸ ਆਰਡਰ ਦੀਆਂ ਧਾਰਾਵਾਂ ਵੱਖ-ਵੱਖ ਕੀਤੇ ਜਾਣ ਯੋਗ ਹਨ।

15. ਇਸ ਆਰਡਰ ਨੂੰ ਫੌਰਨ ਸਪੈਨਿਸ਼, ਹਮੌਂਗ ਅਤੇ ਪੰਜਾਬੀ ਵਿੱਚ ਅਨੁਵਾਦਿਤ ਕੀਤਾ ਜਾਏਗਾ, ਅਤੇ ਇਸਦੀ ਸਮੱਗਰੀ ਨੂੰ ਪੜ੍ਹਨ ਲਈ ਸਾਰੇ ਅਪਾਹਜ ਵਿਅਕਤੀਆਂ ਨੂੰ ਸਮਾਯੋਜਨ ਪ੍ਰਦਾਨ ਕੀਤੇ ਜਾਣਗੇ; ਇਸਨੂੰ ਸਾਰੇ ਸਥਾਨਕ ਮੀਡਿਆ ਨੂੰ ਵਿਤਰਿਤ ਕੀਤਾ ਜਾਏਗਾ ਅਤੇ ਸਿਟੀ ਦੀ ਵੈੱਬਸਾਈਟ 'ਤੇ ਪ੍ਰਮੁੱਖਤਾ ਨਾਲ ਉਪਲੱਬਧ ਕਰਵਾਇਆ ਜਾਏਗਾ।

ਅਜਿਹਾ ਆਦੇਸ਼ ਦਿੱਤਾ ਜਾਂਦਾ ਹੈ।

ਐਮਰਜੈਂਸੀ ਸੇਵਾਵਾਂ ਦੇ ਡਾਇਰੈਕਟਰ



| | | |
|---|---|---|
| ਵਿਲਮਾ ਕੁਆਨ ਸਿਟੀ ਮੈਨੇਜਰ | 21 ਮਈ 2020<br>ਤਾਰੀਖ਼ | ਸ਼ਾਮ 4:19:59<br>ਸਮਾਂ<br>□ |

## ਅੰਤਕਾ A: ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ), ਪੰਨਾ 1 (26 ਮਈ 2020 ਨੂੰ ਦੁਪਹਿਰ 12:01 ਵਜੇ ਪ੍ਰਭਾਵੀ)

**ਕਾਰੋਬਾਰ ਦਾ ਨਾਮ:** ______________________________

**ਕਾਰੋਬਾਰੀ ਥਾਂ ਦਾ ਪਤਾ:** ______________________________

**ਥਾਂ ਦੀ ਲਗਭਗ ਕੁੱਲ ਵਰਗ ਫੁਟੇਜ ਜੋ ਜਨਤਾ ਲਈ ਖੁੱਲ੍ਹੀ ਹੈ:** ______________________________

***ਕਾਰੋਬਾਰਾਂ ਲਈ ਹੇਠਾਂ ਦਿੱਤੇ ਸਾਰੇ ਲਾਗੂ ਹੋਣ ਵਾਲੇ ਉਪਾਵਾਂ ਨੂੰ ਲਾਗੂ ਕਰਨਾ ਲਾਜ਼ਮੀ ਹੈ, ਅਤੇ ਇਹ ਦੱਸਣ ਲਈ ਤਿਆਰ ਰਹਿਣਾ ਜ਼ਰੂਰੀ ਹੈ ਕਿ ਲਾਗੂ ਨਹੀਂ ਕੀਤਾ ਗਿਆ ਕੋਈ ਵੀ ਉਪਾਅ ਕਾਰੋਬਾਰ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ ਹੈ।***

**ਲਾਜ਼ਮੀ ਨਿਰਦੇਸ਼ (ਇਸ ਪ੍ਰੋਟੋਕੋਲ ਦੇ ਦੋਵੇਂ ਪੰਨਿਆਂ ਨੂੰ ਪੋਸਟ ਕਰਨ ਤੋਂ ਇਲਾਵਾ):**

☐ ਕਾਰੋਬਾਰੀ ਥਾਂ ਦੇ ਜਨਤਾ ਲਈ ਖੁੱਲ੍ਹੇ ਹਰੇਕ ਪਰਵੇਸ਼ ਦੁਆਰ 'ਤੇ ਨਿਰਦੇਸ਼, ਜੋ ਸਾਰੇ ਕਰਮਚਾਰੀਆਂ ਅਤੇ ਗਾਹਕਾਂ ਨੂੰ ਸੂਚਿਤ ਕਰਦੇ ਹਨ ਕਿ ਉਨ੍ਹਾਂ ਨੂੰ ਇਹ ਕਰਨਾ ਚਾਹੀਦਾ ਹੈ: ਜੇ ਤੁਹਾਨੂੰ ਖੰਘ ਜਾਂ ਬੁਖ਼ਾਰ ਹੈ ਤਾਂ ਇਸ ਸਹੂਲਤ (ਥਾਂ) ਦੀ ਥਾਂ 'ਤੇ ਪਰਵੇਸ਼ ਨਾ ਕਰੋ; ਇੱਕ-ਦੂਜੇ ਤੋਂ ਘੱਟੋ-ਘੱਟ ਛੇ ਫੁੱਟ ਦੀ ਦੂਰੀ ਬਣਾਈ ਰੱਖੋ; ਕਿਸੇ ਕਪੜੇ ਜਾਂ ਟਿਸ਼ੂ ਵਿੱਚ ਛਿੱਕੋ ਅਤੇ ਖੰਘੋ ਜਾਂ, ਜੇ ਉਪਲੱਬਧ ਨਾ ਹੋਵੇ ਤਾਂ ਆਪਣੀ ਆਸਤੀਨ ਦੀ ਵਰਤੋਂ ਕਰੋ; ਅਤੇ ਹੱਥ ਨਾ ਮਿਲਾਓ ਜਾਂ ਕਿਸੇ ਨਾਲ ਸਰੀਰਕ ਸੰਪਰਕ ਕਰਨ ਤੋਂ ਬਚੋ।

☐ **ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ** ਦੀ ਇੱਕ ਕਾਪੀ ਪੋਸਟ ਕਰਦਾ ਨਿਰਦੇਸ਼ ਕਾਰੋਬਾਰੀ ਥਾਂ ਦੀ ਜਨਤਾ ਲਈ ਖੁੱਲ੍ਹੇ ਹਰੇਕ ਪਰਵੇਸ਼ ਦੁਆਰ 'ਤੇ ਲਗਾਇਆ ਜਾਏ।

***ਕਰਮਚਾਰੀ ਦੀ ਸਿਹਤ ਨੂੰ ਬਚਾਉਣ ਲਈ ਤਰੀਕੇ (ਕਾਰੋਬਾਰੀ ਥਾਂ 'ਤੇ ਲਾਗੂ ਹੋਣ ਵਾਲੇ ਸਾਰਿਆਂ 'ਤੇ ਨਿਸ਼ਾਨ ਲਾਓ):***

☐ ਹਰੇਕ ਵਿਅਕਤੀ ਜੋ ਆਪਣੇ ਘਰ ਤੋਂ ਆਪਣੇ ਕੰਮ ਦੇ ਫਰਜ਼ਾਂ ਨੂੰ ਨਿਭਾ ਸਕਦਾ ਹੈ, ਨੂੰ ਅਜਿਹਾ ਕਰਨ ਲਈ ਨਿਰਦੇਸ਼ ਦਿੱਤਾ ਗਿਆ ਹੈ।

☐ ਸਾਰੇ ਕਰਮਚਾਰੀਆਂ ਨੂੰ ਦੱਸ ਦਿੱਤਾ ਗਿਆ ਹੈ ਕਿ ਜੇ ਉਹ ਬਿਮਾਰ ਹਨ ਤਾਂ ਕੰਮ ‘ਤੇ ਨਾ ਆਉਣ।

☐ ਕਰਮਚਾਰੀਆਂ ਅਤੇ ਯਾਤਰੀਆਂ (ਪਰ ਗਾਹਕ ਨਹੀਂ) ਦੀ ਉਨ੍ਹਾਂ ਦੀਆਂ ਕੰਮ ਦੀਆਂ ਥਾਂਵਾਂ ਵਿੱਚ ਦਾਖਲ ਹੋਣ ਤੋਂ ਪਹਿਲਾਂ ਫਰੈਜ਼ਨੋ ਕਾਉਂਟੀ ਡਿਪਾਰਟਮੈਂਟ ਆਫ਼ ਹੈਲਥ ਦੇ ਸਿਹਤ ਗੈਰ-ਮੈਡੀਕਲ ਰੁਜ਼ਗਾਰਦਾਤਾ ਦੀ ਸਕ੍ਰੀਨਿੰਗ ਫਾਰਮ ਦੀ ਵਰਤੋਂ ਨਾਲ ਜਾਂਚ ਕੀਤੀ ਜਾਂਦੀ ਹੈ।

☐ ਸਾਰੇ ਡੈਸਕ ਜਾਂ ਵਿਅਕਤੀਗਤ ਵਰਕ ਸਟੇਸ਼ਨਾਂ ਨੂੰ ਘੱਟੋ-ਘੱਟ ਛੇ ਫੁੱਟ ਦੀ ਦੂਰੀ 'ਤੇ ਸਥਿਤ ਕੀਤਾ ਜਾਂਦਾ ਹੈ ਜਾਂ ਕਰਮਚਾਰੀਆਂ ਨੂੰ ਪਲੈਕਸੀਗਲਾਸ ਡਿਵਾਈਡਰ ਵਰਗੀਆਂ ਰੁਕਾਵਟਾਂ ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ।

☐ ਬ੍ਰੇਕ ਰੂਮ, ਬਾਥਰੂਮ ਅਤੇ ਹੋਰ ਕੌਮਨ ਖੇਤਰ ਹੇਠ ਦਿੱਤੀ ਸਾਰਣੀ ਅਨੁਸਾਰ ਅਕਸਰ ਰੋਗਾਣੂ-ਮੁਕਤ ਕੀਤੇ ਜਾਂਦੇ ਹਨ:

- ☐ ਬ੍ਰੇਕ ਰੂਮ: ______________________________
- ☐ ਬਾਥਰੂਮ: ______________________________
- ☐ ਕੋਈ ਹੋਰ: ______________________________

☐ ਹੇਠਾਂ ਦਿੱਤੀ ਥਾਂ(ਵਾਂ) 'ਤੇ ਸਾਰੇ ਕਰਮਚਾਰੀਆਂ ਨੂੰ ਰੋਗਾਣੂ-ਮੁਕਤ ਕਰਨ ਵਾਲੀ ਅਤੇ ਸਬੰਧਿਤ ਸਲਾਈਆਂ ਉਪਲੱਬਧ ਹਨ:

______________________________

☐ ਹੇਠਾਂ ਦਿੱਤੀ ਥਾਂ(ਵਾਂ) 'ਤੇ ਸਾਰੇ ਕਰਮਚਾਰੀਆਂ COVID-19 ਦੇ ਖਿਲਾਫ਼ ਪਰਭਾਵੀ ਹੈਂਡ-ਸੈਨਿਟਾਈਜ਼ਰ ਉਪਲੱਬਧ ਹਨ: ______________________________

☐ ਹੇਠਾਂ ਦਿੱਤੀ ਥਾਂ(ਵਾਂ) 'ਤੇ ਸਾਰੇ ਕਰਮਚਾਰੀਆਂ ਨੂੰ ਸਾਬਣ ਅਤੇ ਪਾਣੀ ਉਪਲੱਬਧ ਹੈ:

______________________________

☐ ਸਾਰੇ ਕਰਮਚਾਰੀ ਕੰਮ ਕਰਨ ਵੇਲੇ ਆਪਣੇ ਚਿਹਰੇ ਨੂੰ ਢੱਕਣ ਵਾਲੀਆਂ ਸੁਰੱਖਿਅਤ ਕਵਰਿੰਗ ਪਾ ਰਹੇ ਹਨ।

☐ ਇਸ ਕਾਰੋਬਾਰ 'ਤੇ ਖਰੀਦਦਾਰੀ ਕਰਨ ਲਈ ਗਾਹਕਾਂ ਨੂੰ ਚਿਹਰੇ ਦੀਆਂ ਸੁਰੱਖਿਆਤਮਕ ਕਵਰਿੰਗਾਂ ਪਹਿਨਣੀਆਂ ਚਾਹੀਦੀਆਂ ਹਨ। ਚਿਹਰੇ ਦੀਆਂ ਕਵਰਿੰਗਾਂ ਦੇ ਬਿਨਾਂ ਵਾਲੇ ਗਾਹਕ ਨੂੰ ਇਸ ਕਾਰੋਬਾਰ ਵਿੱਚ ਦਾਖਲਾ ਹੋਣ ਤੋਂ ਮਨ੍ਹਾਂ ਕਰ ਦਿੱਤਾ ਜਾਵੇਗਾ।

☐ ਇਸ ਪ੍ਰੋਟੋਕੋਲ ਦੀਆਂ ਕਾਪੀਆਂ ਸਾਰੇ ਕਰਮਚਾਰੀਆਂ ਨੂੰ ਵਿਤਰਿਤ ਕੀਤੀਆਂ ਗਈਆਂ ਹਨ।

☐ ਵਿਕਲਪਿਕ—ਹੋਰ ਸਮਾਧਾਨਾਂ ਦਾ ਵੇਰਵਾ ਦਿਓ: ______________________________

***ਭੀੜ ਨੂੰ ਇਕੱਠਾ ਹੋਣ ਤੋਂ ਰੋਕਣ ਲਈ ਤਰੀਕੇ (ਕਾਰੋਬਾਰੀ ਥਾਂ 'ਤੇ ਲਾਗੂ ਹੋਣ ਵਾਲੇ ਸਾਰਿਆਂ 'ਤੇ ਨਿਸ਼ਾਨ ਲਾਓ):***

☐ ਕਿਸੇ ਵੀ ਸਮੇਂ ਸਟੋਰ ਵਿੱਚ ਗਾਹਕਾਂ ਦੀ ਗਿਣਤੀ ਸੀਮਿਤ ਰੱਖੋ, ਜਿਸ ਨਾਲ ਗਾਹਕ ਅਤੇ ਕਰਮਚਾਰੀ ਕੰਮਕਾਰ ਦੇ ਹਰ ਸਮੇਂ ਆਸਾਨੀ ਨਾਲ ਇੱਕ-ਦੂਜੇ ਤੋਂ ਘੱਟੋ-ਘੱਟ ਛੇ-ਫੁੱਟ ਦੀ ਦੂਰੀ ਬਣਾ ਕੇ ਰੱਖ ਸਕਣ। ਆਪਣੀ ਸੀਮਾ ਦੀ ਗਣਨਾ ਕਰਨ ਲਈ ਤੁਹਾਡੀ ਇਜਾਜ਼ਤ ਦਿੱਤੀ ਗਈ ਜਾਂ ਆਮ ਗਿਣਤੀ ਦਾ 50% ਇੱਕ ਚੰਗਾ ਆਮ ਨਿਯਮ ਹੈ।

☐ ਦਰਵਾਜ਼ੇ 'ਤੇ ਇੱਕ ਕਰਮਚਾਰੀ ਨੂੰ ਤੈਨਾਤ ਕਰੋ ਜੋ ਇਹ ਪੱਕਾ ਕਰ ਸਕੇ ਕਿ ਸਟੋਰ ਗਾਹਕਾਂ ਦੀ ਗਿਣਤੀ ਉੱਪਰ ਨਿਰਧਾਰਤ ਕੀਤੀ ਗਈ ਗਿਣਤੀ ਤੋਂ ਜ਼ਿਆਦਾ ਨਾ ਹੋਵੇ।

☐ ਭੀੜ ਅਤੇ ਲਾਈਨਾਂ ਨੂੰ ਘਟਾਉਣ ਲਈ ਉਹਨਾਂ ਚੀਜ਼ਾਂ 'ਤੇ ਪ੍ਰਤੀ ਵਿਅਕਤੀ ਸੀਮਾ ਰੱਖਣਾ ਜੋ ਜਲਦੀ ਵਿਕ ਰਹੀਆਂ ਹਨ। ਵੇਰਵਾ ਦਿਓ:

______________________________

☐ ਵਿਕਲਪਿਕ—ਹੋਰ ਸਮਾਧਾਨਾਂ ਦਾ ਵੇਰਵਾ ਦਿਓ: ______________________________

## ਅੰਤਕਾ A: ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ), ਪੰਨਾ 2 (26 ਮਈ 2020 ਨੂੰ ਦੁਪਹਿਰ 12:01 ਵਜੇ ਪ੍ਰਭਾਵੀ)

***ਲੋਕਾਂ ਨੂੰ ਇੱਕ-ਦੂਜੇ ਤੋਂ ਘੱਟੋ-ਘੱਟ ਛੇ-ਫੁੱਟ ਦੀ ਦੂਰੀ 'ਤੇ ਰੱਖਣ ਦੇ ਤਰੀਕੇ (ਲਾਗੂ ਹੋਣ ਵਾਲੇ ਸਾਰਿਆਂ 'ਤੇ ਨਿਸ਼ਾਨ ਲਾਓ):***

☐ ਸਟੋਰ ਦੇ ਬਾਹਰ ਸੰਕੇਤ ਲਗਾਉਣਾ ਜੋ ਜਦੋਂ ਲਾਈਨ ਵਿੱਚ ਹੋਣ ਦੇ ਸਮੇਤ, ਲੋਕਾਂ ਨੂੰ ਘੱਟੋ-ਘੱਟ ਛੇ ਫੁੱਟ ਦੀ ਦੂਰੀ 'ਤੇ ਰਹਿਣਾ ਯਾਦ ਕਰਾਉਂਦਾ ਹੈ।

☐ ਸਟੋਰ ਦੇ ਅੰਦਰ ਗਾਹਕਾਂ ਦੀ ਲਾਈਨ ਵਾਲੇ ਖੇਤਰਾਂ ਵਿੱਚ ਅਤੇ ਫੁਟਪਾਥਾਂ 'ਤੇ ਘੱਟੋ-ਘੱਟ ਛੇ ਫੁੱਟ 'ਤੇ ਟੇਪ ਜਾਂ ਅਜਿਹੇ ਹੋਰ ਨਿਸ਼ਾਨ ਲਗਾਉਣਾ ਜੋ ਸੰਕੇਤਾਂ ਦੇ ਨਾਲ ਗਾਹਕਾਂ ਨੂੰ ਦੂਰੀ ਬਣਾਈ ਰੱਖਣ ਲਈ ਨਿਸ਼ਾਨਾਂ ਦੀ ਵਰਤੋਂ ਕਰਨ ਦੇ ਨਿਰਦੇਸ਼ ਦਿੰਦੇ ਹਨ।

☐ ਗਾਹਕਾਂ ਨੂੰ ਇਕੱਠੇ ਹੋਣ ਤੋਂ ਰੋਕਣ ਲਈ ਡਿਲੀਵਰੀ ਵਾਲੇ ਖੇਤਰਾਂ ਨੂੰ ਆਰਡਰ ਦੇ ਖੇਤਰਾਂ ਤੋਂ ਵੱਖਰਾ ਰੱਖੋ।

☐ ਸਾਰੇ ਕਰਮਚਾਰੀਆਂ ਨੂੰ ਗਾਹਕਾਂ ਅਤੇ ਇੱਕ-ਦੂਜੇ ਤੋਂ ਘੱਟੋ-ਘੱਟ ਛੇ ਫੁੱਟ ਦੀ ਦੂਰੀ ਬਣਾਏ ਰੱਖਣ ਲਈ ਨਿਰਦੇਸ਼ ਦਿੱਤੇ ਗਏ ਹਨ, ਸਿਵਾਏ ਤਾਂ ਜਦੋਂ ਕਿ ਕਰਮਚਾਰੀ ਭੁਗਤਾਨ ਸਵੀਕਾਰ ਕਰਨ, ਚੀਜ਼ਾਂ ਜਾਂ ਸੇਵਾਵਾਂ ਪ੍ਰਦਾਨ ਕਰਨ, ਜਾਂ ਕਿਸੇ ਹੋਰ ਜ਼ਰੂਰੀ ਕੰਮ ਵੇਲੇ ਕੁਝ ਪਲਾਂ ਲਈ ਨੇੜੇ ਆ ਸਕਦੇ ਹਨ।

☐ ਵਿਕਲਪਿਕ—ਹੋਰ ਸਮਾਧਾਨਾਂ ਦਾ ਵੇਰਵਾ ਦਿਓ: ____________________

***ਗੈਰ-ਜ਼ਰੂਰੀ ਸੰਪਰਕ ਨੂੰ ਰੋਕਣ ਦੇ ਤਰੀਕੇ (ਕਾਰੋਬਾਰੀ ਥਾਂ 'ਤੇ ਲਾਗੂ ਹੋਣ ਵਾਲੇ ਸਾਰਿਆਂ 'ਤੇ ਨਿਸ਼ਾਨ ਲਾਓ):***

☐ ਭੋਜਨ-ਸਬੰਧੀ ਕਿਸੇ ਵੀ ਆਈਟਮ ਨੂੰ ਲੋਕਾਂ ਨੂੰ ਆਪਣੇ-ਆਪ ਪਰੋਸਣ ਤੋਂ ਰੋਕਣਾ।

- ☐ ਕੱਪ ਅਤੇ ਫੂਡ-ਬਾਰ ਵਿੱਚ ਢੱਕਣ ਵਾਲੀਆਂ ਆਈਟਮਾਂ ਲਈ ਢੱਕਣ ਕਰਮਚਾਰੀ ਦੁਆਰਾ ਦਿੱਤੇ ਜਾਨ; ਨਾ ਕਿ ਗਾਹਕ ਆਪਣੇ-ਆਪ ਚੁੱਕਣ।
- ☐ ਥੋਕ-ਵਾਲੀਆਂ ਆਈਟਮਾਂ ਲਈ ਬਣੇ ਭੋਜਨ ਪਦਾਰਥਾਂ ਦੇ ਡੱਬੇ ਗਾਹਕ ਲਈ ਆਪਣੇ-ਆਪ ਵਰਤਣ ਲਈ ਉਪਲੱਬਧ ਨਹੀਂ ਹਨ।

☐ ਗਾਹਕਾਂ ਨੂੰ ਘਰੋਂ ਆਪਣੇ ਖੁਦ ਦੇ ਬੈਗ, ਮਗ, ਜਾਂ ਹੋਰ ਦੁਬਾਰਾ ਵਰਤਣ ਵਾਲੀਆਂ ਚੀਜ਼ਾਂ ਲਿਆਉਣ ਦੀ ਇਜਾਜ਼ਤ ਨਾ ਦਿਓ।

☐ ਸੰਪਰਕ ਤੋਂ ਬਿਨਾਂ ਵਾਲੇ ਭੁਗਤਾਨ ਸਿਸਟਮਾਂ ਦੀ ਵਰਤੋਂ ਕਰੋ, ਜਾਂ ਜੇ ਸੰਭਵ ਨਾ ਹੋਵੇ, ਤਾਂ ਭੁਗਤਾਨ ਸਿਸਟਮ ਨੂੰ ਵਾਰ-ਵਾਰ ਰੋਗਾਣੂ-ਮੁਕਤ ਕਰੋ। ਵੇਰਵਾ ਦਿਓ: __________

☐ ਵਿਕਲਪਿਕ—ਹੋਰ ਸਮਾਧਾਨਾਂ ਦਾ ਵੇਰਵਾ ਦਿਓ (ਜਿਵੇਂ ਕਿ ਸਿਰਫ ਬਜ਼ੁਰਗਾਂ ਲਈ ਘੰਟੇ): ____________________

____________________

***ਸਾਫ਼-ਸਫ਼ਾਈ ਵਧਾਉਣ ਦੇ ਤਰੀਕੇ (ਕਾਰੋਬਾਰੀ ਥਾਂ 'ਤੇ ਲਾਗੂ ਹੋਣ ਵਾਲੇ ਸਾਰਿਆਂ 'ਤੇ ਨਿਸ਼ਾਨ ਲਾਓ):***

☐ COVID-19 ਦੇ ਖਿਲਾਫ਼ ਪ੍ਰਭਾਵੀ ਰੋਗਾਣੂ-ਮੁਕਤ ਕਰਨ ਵਾਲੇ ਵਾਈਪਸ ਸ਼ੌਪਿੰਗ ਕਾਰਟ ਅਤੇ ਸ਼ੌਪਿੰਗ ਟੋਕਰੀਆਂ ਦੇ ਨਜ਼ਦੀਕ ਉਪਲੱਬਧ ਹਨ।

☐ ਕਾਰਟ ਅਤੇ ਟੋਕਰੀਆਂ ਨੂੰ ਨਿਯਮਿਤ ਤੌਰ 'ਤੇ ਰੋਗਾਣੂ-ਮੁਕਤ ਕਰਨ ਲਈ ਕਰਮਚਾਰੀ ਰੱਖਿਆ ਗਿਆ ਹੈ(ਰੱਖੇ ਗਏ ਹਨ)।

☐ ਹੈਂਡ ਸੈਨਿਟਾਈਜ਼ਰ, ਸਾਬਣ ਅਤੇ ਪਾਣੀ, ਜਾਂ ਅਸਰਦਾਰ ਕੀਟਾਣੂ-ਨਾਸ਼ਕ ਲੋਕਾਂ ਲਈ ਸਹੂਲਤ (ਥਾਂ) ਦੇ ਪ੍ਰਵੇਸ਼ ਦੁਆਰ 'ਤੇ ਜਾਂ ਇਸਦੇ ਨੇੜੇ, ਚੈਕਆਉਟ ਕਾਉਂਟਰਾਂ 'ਤੇ, ਅਤੇ ਸਟੋਰ ਦੇ ਅੰਦਰ ਜਾਂ ਬਾਹਰ ਕਿਤੇ ਵੀ ਉਪਲਬਧ ਹਨ ਜਿੱਥੇ ਲੋਕਾਂ ਦਾ ਆਪਸ ਵਿੱਚ ਸਿੱਧਾ ਸੰਪਰਕ ਹੁੰਦਾ ਹੈ।

☐ ਹਰੇਕ ਵਰਤੋਂ ਦੇ ਬਾਅਦ ਸਾਰੇ ਭੁਗਤਾਨ ਪੋਰਟਲ, ਪੈਨਾਂ ਅਤੇ ਸਟਾਈਲਸਾਂ ਨੂੰ ਰੋਗਾਣੂ-ਮੁਕਤ ਕਰਨਾ।

☐ ਜ਼ਿਆਦਾ-ਵਾਰੀ ਛੂਹੀਆਂ ਜਾਣ ਵਾਲੀਆਂ ਸਤਹਾਂ ਨੂੰ ਵਾਰ-ਵਾਰ ਰੋਗਾਣੂ ਮੁਕਤ ਕਰਨਾ।

☐ ਵਿਕਲਪਿਕ—ਹੋਰ ਸਮਾਧਾਨਾਂ ਦਾ ਵੇਰਵਾ ਦਿਓ: ____________________

____________________

* ਇੱਥੇ ਸ਼ਾਮਲ ਨਾ ਕੀਤੇ ਗਏ ਹੋਰ ਕੋਈ ਵੀ ਵਾਧੂ ਤਰੀਕੇ ਵੱਖ ਪੰਨਿਆਂ 'ਤੇ ਸੂਚੀਬੱਧ ਕੀਤੇ ਜਾਣੇ ਚਾਹੀਦੇ ਹਨ, ਜੋ ਕਾਰੋਬਾਰ ਇਸ ਦਸਤਾਵੇਜ਼ ਦੇ ਨਾਲ ਨੱਥੀ ਕਰ ਸਕਦਾ ਹੈ।

**ਇਸ ਪ੍ਰੋਟੋਕੋਲ ਬਾਰੇ ਕਿਸੇ ਸਵਾਲ ਜਾਂ ਟਿੱਪਣੀਆਂ ਲਈ ਤੁਸੀਂ ਹੇਠਾਂ ਦੱਸੇ ਗਏ ਵਿਅਕਤੀ ਨਾਲ ਸੰਪਰਕ ਕਰ ਸਕਦੇ ਹੋ:**

**ਨਾਮ:**____________________ **ਫੋਨ ਨੰਬਰ:** ____________________

***ਇਸ ਫਾਰਮ ਨੂੰ ਭਰ ਕੇ ਪੋਸਟ ਕਰਨ ਵਿੱਚ ਅਸਫਲਤਾ, ਜਾਂ ਲੋੜ ਅਨੁਸਾਰ, ਫਰੈਜ਼ਨੋ ਸਿਟੀ ਦੇ ਕਿਸੇ ਵੀ ਐਮਰਜੈਂਸੀ ਆਰਡਰ, ਜਿਨ੍ਹਾਂ ਵਿੱਚ ਅੰਤਕਾ A: ਸੋਸ਼ਲ ਡਿਸਟੈਂਸਿੰਗ ਪ੍ਰੋਟੋਕੋਲ (ਸਮਾਜਕ ਦੂਰੀ ਬਣਾ ਕੇ ਰੱਖਣ ਦਾ ਪ੍ਰੋਟੋਕੋਲ) ਸ਼ਾਮਲ ਹੈ, ਦੀ ਪਾਲਣਾ ਕਰਨ ਵਿੱਚ ਅਸਫਲਤਾ ਕਾਰਨ ਕਾਰੋਬਾਰ 'ਤੇ ਰਾਜ ਅਤੇ ਸਥਾਨਕ ਕਨੂੰਨ ਅਧੀਨ ਜੁਰਮਾਨੇ ਲਗਾਏ ਜਾ ਸਕਦੇ ਹਨ।***